# PC–1221/ML

**U–30/2051**

ਪੰਜਾਬੀ ਐਲੀਮੈਂਟਰੀ

(Foreign Students)

Time : Three Hours] [Maximum Marks : 50

**SECTION—A**

I. (ੳ) ਉਹ ਸਕੂਲ ਜਾਂਦੀ ਹੈ। ਕਿਹੜਾ ਵਾਕ ਹੈ?

(1) ਸਧਾਰਨ (2) ਸੰਯੁਕਤ

(3) ਮਿਸ਼ਰਿਤ

(ਅ) ਕੀ ਤੁਸੀਂ ਬਾਹਰ ਜਾ ਸਕਦੇ ਹੋ? ਕਿਹੜਾ ਵਾਕ ਹੈ?

(1) ਗੁਕਮੀਆ (2) ਬਿਆਨੀਆ

(3) ਪ੍ਰਸ਼ਨਵਾਚੀ

(ੲ) ਵਾਹ! ਕਿੰਨਾ ਸੁਹਣਾ ਦ੍ਰਿਸ਼। ਕਿਹੜਾ ਵਾਕ ਹੈ?

(1) ਬਿਆਨੀਆ (2) ਪ੍ਰਸ਼ਨਵਾਚੀ

(3) ਵਿਸਮਿਕ

(ਸ) ਖਾਲੀ ਥਾਂ ਭਰੋ :

ਰਾਮ ---------- ਸੀਤਾ ਵਿਚੋਂ ਇਕ ਜਣਾ ਰੋਟੀ ਖਾਵੇਗਾ।

(1) ਜਾਂ (2) ਅਤੇ

(3) ਪਰ

(ਹ) ਖਾਲੀ ਥਾਂ ਭਰੋ :

ਸੁਰਜੀਤ ---------- ਰਜੇਸ਼ ਦੋਨੋਂ ਖੇਡ ਰਹੇ ਹਨ।

(1) ਜਾਂ (2) ਪਰ

(3) ਅਤੇ (4) ਕਿਉਂਕਿ

(ਕ) ਵਾਕ ਸ਼ੁੱਧ ਕਰਕੇ ਲਿਖੋ :

ਅਧਿਆਪਕ ਪੜ੍ਹਾ ਰਹੀ ਹੈ।

(ਖ) ਵਾਕ ਸ਼ੁੱਧ ਕਰਕੇ ਲਿਖੋ :

ਰਜਨੀ ਪੜ੍ਹ ਰਹੀਆਂ ਹਨ।

(ਗ) ਖਾਲੀ ਥਾਂ ਭਰੋ :

ਕੁੜੀ ਕਿਤਾਬ ---------- ਹੈ।

(1) ਪੜ੍ਹਦਾ (2) ਪੜ੍ਹਦੀ

(3) ਪੜ੍ਹਦੀਆਂ (4) ਪੜ੍ਹ

(ਘ) ਖਾਲੀ ਥਾਂ ਭਰੋ :

ਕਾਰਾਂ ਦੌੜ ---------- ਹਨ।

(1) ਰਹੀ (2) ਰਹੇ

(3) ਰਹੀਆਂ (4) ਭੱਜ

(ਙ) ਖਾਲੀ ਥਾਂ ਭਰੋ :

ਰਾਮ ਸਕੂਲ ਨਹੀਂ ਆਇਆ ---------- ਉਹ ਬਿਮਾਰ ਸੀ।

(1) ਪਰ (2) ਕਿਉਂਕਿ

(3) ਭਾਵੇਂ

(ਚ) ਇਹਨਾਂ ਵਿਚੋਂ ਕਿਹੜਾ ਪੂਰਨ ਵਿਸ਼ਰਾਮ ਹੈ?

(1) ? (2) !

(3) । (4) i

(ਛ) ਇਹਨਾਂ ਵਿਚੋਂ ਕਿਹੜਾ ਪ੍ਰਸ਼ਨਵਾਚੀ ਚਿੰਨ੍ਹ ਹੈ?

(1) ? (2) !

(3) । (4) i

(ਜ) ਇਹਨਾਂ ਵਿਚੋਂ ਕਿਹੜਾ ਵਿਸਮਿਕ ਚਿੰਨ੍ਹ ਹੈ?

(1) ? (2) !

(3) । (4) i

(ਝ) ਖਾਲੀ ਥਾਂ ਭਰੋ :

ਇਹ ਕਿਸ ਦੀ ਪੁਸਤਕ ਹੈ ---------

(1) ? (2) !

(3) । (4) i

(ਞ) ਖਾਲੀ ਥਾਂ ਭਰੋ :

ਵਾਹ --------- ਬਹੁਤ ਅੱਛੇ।

(1) ? (2) !

(3) । (4) i 15

II. (ੳ) ਮਾਮੇ ਦੀ ਘਰਵਾਲੀ ਨੂੰ ਕੀ ਕਹਿੰਦੇ ਹਨ?

(ਅ) ਦਾਦੇ ਦੀ ਘਰਵਾਲੀ ਨੂੰ ਕੀ ਕਹਿੰਦੇ ਹਨ?

(ੲ) 40 ਨੂੰ ਸ਼ਬਦਾਂ ਵਿਚ ਲਿਖੋ।

(ਸ) 200 ਨੂੰ ਸ਼ਬਦਾਂ ਵਿਚ ਲਿਖੋ।

(ਹ) 'ਪੰਤਾਲੀ' ਨੂੰ ਅੰਕਾਂ ਵਿਚ ਲਿਖੋ।

(ਕ) 'ਚੁਰੰਜਾ' ਨੂੰ ਅੰਕਾਂ ਵਿਚ ਲਿਖੋ।

(ਖ) ਦੁੱਧ ਤੋਂ ਬਣੀ ਇਕ ਖਾਣ ਵਾਲੀ ਵਸਤੂ ਦਾ ਨਾਂ ਲਿਖੋ।

(ਗ) ਖਾਲੀ ਥਾਂ ਭਰੋ :

ਦੁੱਧ ---------- ਲਵੋਂ।

(1) ਖਾ (2) ਪੀ

(3) ਹੰਢਾਅ (4) ਤੱਜ

(ਘ) ਖਾਲੀ ਥਾਂ ਭਰੋ :

ਵਿਦਿਆਰਥੀ ---------- ਰਿਹਾ ਹੈ।

(1) ਚੱਲ (2) ਪੜ੍ਹ

(3) ਜਗ (4) ਉਡ

(ਙ) ਖਾਲੀ ਥਾਂ ਭਰੋ :

---------- ਮਠਿਆਈ ਬਣਾ ਰਿਹਾ ਹੈ।

(1) ਦਰਜੀ (2) ਹਲਵਾਈ

(3) ਚੋਰ (4) ਭੰਡ

(ਚ) ਖਾਲੀ ਥਾਂ ਭਰੋ :

--------- ਕੱਪੜੇ ਸਿਉਂ ਰਿਹਾ ਹੈ।

(1) ਦਰਜੀ (2) ਹਲਵਾਈ

(3) ਚੋਰ (4) ਭੰਡ

(ਛ) ਮਾਂ ਦੀ ਮਾਂ ਨੂੰ ਕੀ ਕਹਿੰਦੇ ਹਨ?

(1) ਮਾਮੀ (2) ਦਾਦੀ

(3) ਨਾਨੀ (4) ਤਾਈ

(ਜ) ਪਿਤਾ ਦੇ ਭਰਾ ਨੂੰ ਕੀ ਕਹਿੰਦੇ ਹਨ?

(1) ਮਾਮਾ (2) ਚਾਚਾ

(3) ਦਾਦਾ (4) ਮਾਸੜ

(ਝ) ਕਿਸੇ ਦੋ ਪੰਛੀਆਂ ਦੇ ਨਾਂ ਲਿਖੋ।

(ਞ) ਕਿਸੇ ਦੋ ਸਬਜੀਆਂ ਦੇ ਨਾਂ ਲਿਖੋ। 15

## SECTION—B

III. (ੳ) 'Book' ਨੂੰ ਪੰਜਾਬੀ ਵਿਚ ਕੀ ਕਹਿੰਦੇ ਹਨ?

(ਅ) 'Chair' ਨੂੰ ਪੰਜਾਬੀ ਵਿਚ ਕੀ ਕਹਿੰਦੇ ਹਨ?

(ੲ) 'Student' ਨੂੰ ਪੰਜਾਬੀ ਵਿਚ ਕੀ ਕਹਿੰਦੇ ਹਨ?

(ਸ) 'ਅਧਿਆਪਕ' ਨੂੰ ਅੰਗਰੇਜ਼ੀ ਵਿਚ ਕੀ ਕਹਿੰਦੇ ਹਨ?

(1) Horse (2) Teacher

(3) Student (4) Lion

(ਹ) 'ਸ਼ਿਕਾਰੀ' ਨੂੰ ਅੰਗਰੇਜ਼ੀ ਵਿਚ ਕੀ ਕਹਿੰਦੇ ਹਨ?

(1) Teacher (2) Hunter

(3) Boss (4) Attacker

(ਕ) 'ਵਪਾਰੀ' ਨੂੰ ਅੰਗਰੇਜ਼ੀ ਵਿਚ ਕੀ ਕਹਿੰਦੇ ਹਨ?

(1) Trader (2) Shopkeeper

(3) Boy

(ਖ) 'ਸਟੇਸ਼ਨ' ਨੂੰ ਅੰਗਰੇਜ਼ੀ ਵਿਚ ਲਿਖੋ।

(ਗ) 'ਡਾਕਟਰ' ਨੂੰ ਅੰਗਰੇਜ਼ੀ ਵਿਚ ਲਿਖੋ।

(ਘ) 'College' ਨੂੰ ਗੁਰਮੁਖੀ ਵਿਚ ਲਿਖੋ।

(ਙ) 'Bus Stand' ਨੂੰ ਗੁਰਮੁਖੀ ਵਿਚ ਲਿਖੋ। 10

IV. ਹੇਠ ਲਿਖੇ ਪੈਰ੍ਹੇ ਨੂੰ ਪੜ੍ਹੋ ਅਤੇ ਦਿੱਤੇ ਸਵਾਲਾਂ ਦੇ ਜਵਾਬ ਦਿਓ :

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਕੁਦਰਤੀ ਤੌਰ 'ਤੇ ਉਸ ਦੇ ਦਿਮਾਗ ਦਾ ਵਿਕਾਸ ਹੋਇਆ। ਇਸ ਨੇ ਉਸ ਨੂੰ ਜਾਨਵਰਾਂ ਤੋਂ

ਵੱਖਰਾ ਕਰ ਦਿੱਤਾ। ਆਪਣੀ ਬੁੱਧੀ ਦੇ ਆਧਾਰ ਤੇ ਮਨੁੱਖ ਨੇ ਪ੍ਰਕਿਰਤੀ ਨੂੰ ਆਪਣੇ ਅਨੁਸਾਰ ਢਾਲਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਉਸ ਨੇ ਬਹੁਤ ਸਾਰੀਆਂ ਖੋਜਾਂ ਕੀਤੀਆਂ। ਅੱਜ ਜੋ ਵੀ ਸਾਡੇ ਕੋਲ ਹੈ ਮਨੁੱਖੀ ਦਿਮਾਗ ਦੀ ਲੰਬੀ ਘਾਲਣਾ ਦਾ ਨਤੀਜਾ ਹੈ। ਭਾਵੇਂ ਇਹਨਾਂ ਖੋਜਾਂ ਦੇ ਫਾਇਦਿਆਂ ਦੇ ਨਾਲ-ਨਾਲ ਨੁਕਸਾਨ ਵੀ ਹਨ, ਪਰ ਫਿਰ ਵੀ ਮਨੁੱਖ ਜਾਤੀ ਦੇ ਸਰਵਪੱਖੀ ਵਿਕਾਸ ਵਿਚ ਇਹਨਾਂ ਖੋਜਾਂ ਨੇ ਵੱਡਾ ਯੋਗਦਾਨ ਪਾਇਆ। ਮਨੁੱਖ ਮਸ਼ੀਨਾਂ, ਕੰਪਿਊਟਰ, ਬਿਜਲਈ ਉਪਕਰਨਾਂ, ਵਿਲਾਸਤਾ ਦੇ ਸਾਧਨਾਂ ਆਦਿ ਨਾਲ ਜੀਵਨ ਨੂੰ ਸੌਖਾ ਕਰ ਸਕਿਆ ਹੈ।

(ੳ) ਮਨੁੱਖ ਸਮਾਜਿਕ ਪ੍ਰਾਣੀ ਕਿਉਂ ਹੈ?

(1) ਆਪਣੀ ਅਕਲ ਕਰਕੇ (2) ਪੈਸੇ ਕਰਕੇ

(3) ਸਾਧਨਾਂ ਕਰਕੇ

(ਅ) ਮਨੁੱਖ ਨੂੰ ਕਿਹੜੀ ਚੀਜ ਜਾਨਵਰਾਂ ਨਾਲੋਂ ਵੱਖਰਾ ਕਰਦੀ ਹੈ?

(1) ਬੁੱਧੀ (2) ਮਸ਼ੀਨਾਂ

(3) ਰੋਟੀ (4) ਧਨ

(ੲ) ਮਨੁੱਖ ਨੇ ਕਿਸ ਨੂੰ ਆਪਣੇ ਅਨੁਸਾਰ ਢਾਲਿਆ?

(1) ਪ੍ਰਕਿਰਤੀ ਨੂੰ (2) ਖੋਜਾਂ ਨੂੰ

(3) ਘਾਲਣਾ ਨੂੰ

(ਸ) ਅੱਜ ਜੋ ਵੀ ਸਾਡੇ ਕੋਲ ਹੈ ਉਹ ਕਿਸ ਕਰਕੇ ਹੈ?

(1) ਮਨੁੱਖੀ ਸਰੀਰ ਦੀ ਲੰਬੀ ਕਸਰਤ ਕਰਕੇ

(2) ਮਨੁੱਖੀ ਦਿਮਾਗ ਦੀ ਲੰਬੀ ਕਸਰਤ ਕਰਕੇ

(3) ਖੋਜਾਂ ਕਰਕੇ

(ਹ) ਖੋਜਾਂ ਕਰਕੇ ਮਨੁੱਖ ਦਾ ਕਿਹੋ ਜਿਹਾ ਵਿਕਾਸ ਹੋਇਆ?

(1) ਜਹਾਜਾਂ ਦਾ (2) ਸਰਵਪੱਖੀ

(3) ਆਵਾਜਾਵੀ ਦਾ

(ਕ) ਮਨੁੱਖ ਨੇ ਆਪਣੇ ਜੀਵਨ ਨੂੰ ਸੌਖਾ ਕਿਵੇਂ ਕੀਤਾ?

(1) ਉਪਕਰਨਾਂ ਦੀਆਂ ਖੋਜਾਂ ਨਾਲ

(2) ਕੋਸ਼ਿਸ਼ ਨਾਲ

(3) ਜਾਨਵਰਾਂ ਨਾਲ

(4) ਪ੍ਰਕਿਰਤੀ ਨਾਲ

(ਖ) ਇਹਨਾਂ ਵਿਚੋਂ ਕਿਹੜਾ ਵਿਲਾਸਤਾ ਦਾ ਸਾਧਨ ਹੈ?

(1) ਰੋਟੀ (2) ਪਾਣੀ

(3) ਏ.ਸੀ. (4) ਘਰ

(ਗ) ਮਨੁੱਖ ਨੇ ਪ੍ਰਕਿਰਤੀ ਨੂੰ ਆਪਣੇ ਅਨੁਸਾਰ ਢਾਲਣ ਲਈ ਕਿਸ ਦੀ ਵਰਤੋਂ ਕੀਤੀ?

(1) ਬੁੱਧੀ (2) ਮਸ਼ੀਨਾਂ

(3) ਧਨ (4) ਰੋਟੀ

(ਘ) ਇਹਨਾਂ ਵਿਚੋਂ ਕਿਹੜਾ ਬਿਜਲਈ ਉਪਕਰਨ ਹੈ?

(1) ਫਰਿਜ (2) ਇੰਜਣ

(3) ਮੇਜ (4) ਪੁਸਤਕ

(ਙ) ਇਸ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ। 10

———————